# ਨਿਊ ਯਾਰਕ ਸਿਟੀ ਦਾ ਮੁੜ ਖੁੱਲ੍ਹਣਾ:
# ਵਪਾਰਿਕ ਬਿਲਡਿੰਗ ਪ੍ਰਬੰਧਨ ਨੂੰ ਕੀ ਜਾਣਨ ਦੀ ਜ਼ਰੂਰਤ ਹੈ

ਹੁਣ ਜੋ ਕਿ ਨਿਊ ਯਾਰਕ ਸਿਟੀ (NYC) ਨੇ ਮੁੜ ਖੁੱਲ੍ਹਣ ਦੇ ਦੂਜੇ ਚਰਣ ਦੀ ਇਜਾਜ਼ਤ ਦੇਣ ਵਾਲੇ ਜਨਤੱਕ ਸਿਹਤ ਦੇ ਪੜਾਵਾਂ ਨੂੰ ਪੂਰਾ ਕਰ ਲਿਆ ਹੈ, **ਵਪਾਰਿਕ ਬਿਲਡਿੰਗ ਪ੍ਰਬੰਧਨ** ਦੁਬਾਰਾ ਖੁੱਲ੍ਹ ਸਕਦਾ ਹੈ। ਮੁੜ ਖੁੱਲ੍ਹਣ ਵਾਲਾ ਵਪਾਰਿਕ ਬਿਲਡਿੰਗ ਪ੍ਰਬੰਧਨ ਅਤੇ ਜੋ ਵਪਾਰਿਕ ਬਿਲਡਿੰਗ ਪ੍ਰਬੰਧਨ ਇੱਕ ਜ਼ਰੂਰੀ ਕਾਰੋਬਾਰ ਦੇ ਤੌਰ ’ਤੇ ਚੱਲ ਰਿਹਾ ਹੈ, ਉਨ੍ਹਾਂਨੂੰ ਨਵੇਂ ਆਦੇਸ਼ਾਂ ਦੀ ਪਾਲਣਾ ਕਰਨੀ ਪਵੇਗੀ।

ਮੁੜ ਖੁੱਲ੍ਹਣ ਬਾਰੇ ਮੁੱਖ ਸਵਾਲਾਂ ਦੇ ਜਵਾਬਾਂ ਲਈ, ਕਿਰਪਾ ਕਰਕੇ “Reopening New York City: Frequently Asked Questions” (ਨਿਊ ਯਾਰਕ ਸਿਟੀ ਦਾ ਮੁੜ ਖੁੱਲ੍ਹਣਾ: ਆਮ ਸਵਾਲ) ਪੜ੍ਹੋ। ਸਾਰੇ ਸਵਾਲ ਉਚਿਤ ਨਹੀਂ ਹੋਣਗੇ, ਪਰ ਸਾਨੂੰ ਉਮੀਦ ਹੈ ਕਿ ਨਵੀਆਂ ਸ਼ਰਤਾਂ ਨੂੰ ਲਾਗੂ ਕਰਨ ਵਿੱਚ ਇਹ ਤੁਹਾਡੀ ਸਹਾਇਤਾ ਕਰੇਗਾ। ਨਿਊ ਯਾਰਕ ਸਿਟੀ ਸਿਹਤ ਅਤੇ ਮਾਨਸਿਕ ਅਰੋਗਤਾ ਵਿਭਾਗ ਦੇ COVID-19 ਕਾਰੋਬਾਰ ਪੇਜ ’ਤੇ COVID-19 ਜਨਤੱਕ ਸਿਹਤ ਐਮਰਜੈਂਸੀ ਦੇ ਦੌਰਾਨ ਕੰਮਕਾਜ ਨੂੰ ਮੁੜ ਖੋਲ੍ਹਣ ਅਤੇ ਬਰਕਰਾਰ ਰੱਖਣ ਲਈ ਵਾਧੂ ਜਾਣਕਾਰੀ ਅਤੇ ਸਾਧਨ ਮੌਜੂਦ ਹਨ।

ਅਪਡੇਟਸ ਲਈ nyc.gov/health/coronavirus ਵੇਖੋ। ਜਿਵੇਂ ਸਾਨੂੰ ਕੋਵਿਡ-19 (COVID-19) ਅਤੇ ਉਸਦੇ ਫੈਲਾਅ ਨੂੰ ਘਟਾਉਣ ਅਤੇ ਨਿਊ ਯਾਰਕ ਦੇ ਵਸਨੀਕਾਂ ਨੂੰ ਸੁਰੱਖਿਅਤ ਰੱਖਣ ਬਾਰੇ ਹੋਰ ਜਾਣਕਾਰੀ ਹਾਸਿਲ ਹੋਵੇਗੀ, ਸਿਟੀ ਅਤੇ ਸਟੇਟ ਦੀਆਂ ਸ਼ਰਤਾਂ ਬਦਲ ਸਕਦੀਆਂ ਹਨ।

## COVID-19 ਨੂੰ ਫੈਲਣ ਤੋਂ ਰੋਕਣ ਲਈ ਚਾਰ ਮੁੱਖ ਕੰਮ ਯਾਦ ਰੱਖੋ:

- **ਜੇਕਰ ਬਿਮਾਰ ਹੋ ਤਾਂ ਘਰ ਵਿੱਚ ਹੀ ਰਹੋ:** ਜਦੋਂ ਤੱਕ ਤੁਸੀਂ ਸਿਰਫ਼ ਜ਼ਰੂਰੀ ਡਾਕਟਰੀ ਦੇਖਭਾਲ (ਟੈਸਟਿੰਗ ਸਮੇਤ) ਜਾਂ ਹੋਰ ਜ਼ਰੂਰੀ ਕੰਮਾਂ ਲਈ ਬਾਹਰ ਨਾ ਜਾ ਰਹੇ ਹੋਵੋ ਉਦੋਂ ਤੱਕ ਜੇਕਰ ਤੁਸੀਂ ਬਿਮਾਰ ਹੋ ਤਾਂ ਘਰ ਵਿੱਚ ਹੀ ਰਹੋ।
- **ਸਰੀਰਕ ਦੂਰੀ:** ਹੋਰ ਲੋਕਾਂ ਤੋਂ ਘੱਟੋ-ਘੱਟ 6 ਫੁੱਟ ਦੂਰ ਰਹੋ।
- **ਆਪਣਾ ਮੂੰਹ ਢੱਕ ਕੇ ਰੱਖੋ:** ਆਪਣੇ ਆਲੇ-ਦੁਆਲੇ ਦੇ ਲੋਕਾਂ ਨੂੰ ਸੁਰੱਖਿਅਤ ਰੱਖੋ। ਤੁਸੀਂ ਲੱਛਣਾਂ ਤੋਂ ਬਿਨਾਂ ਵੀ ਸੰਕਰਾਮਕ ਹੋ ਸਕਦੇ ਹੋ ਅਤੇ ਖੰਘਣ, ਨਿੱਛ ਮਾਰਣ ਜਾਂ ਇੱਥੋਂ ਤੱਕ ਕਿ ਕਿਸੇ ਨਾਲ ਗੱਲ ਕਰਦੇ ਹੋਏ ਵੀ ਇਸ ਬਿਮਾਰੀ ਨੂੰ ਫੈਲਾ ਸਕਦੇ ਹੋ। ਫੇਸ ਕਵਰਿੰਗਸ COVID-19 ਦੇ ਫੈਲਾਅ ਨੂੰ ਘਟਾਉਣ ਵਿੱਚ ਮਦਦ ਕਰਦੀਆਂ ਹਨ।
- **ਹੱਥਾਂ ਦੀ ਸਾਫ਼-ਸਫ਼ਾਈ ’ਤੇ ਅਮਲ ਕਰੋ:** ਵਾਰ-ਵਾਰ ਸਾਬਣ ਅਤੇ ਪਾਣੀ ਨਾਲ ਆਪਣੇ ਹੱਥ ਧੋਵੋ ਜਾਂ ਜੇਕਰ ਸਾਬਣ ਅਤੇ ਪਾਣੀ ਉਪਲਬਧ ਨਹੀਂ ਹਨ ਤਾਂ ਅਲਕੋਹਲ-ਅਧਾਰਤ ਹੈਂਡ ਸੈਨੀਟਾਈਜ਼ਰ ਦੀ ਵਰਤੋਂ ਕਰੋ; ਅਕਸਰ ਛੂਹੀਆਂ ਜਾਣ ਵਾਲੀਆਂ ਸਤਹਾਂ ਨੂੰ ਨਿੱਤ ਸਾਫ਼ ਕਰੋ; ਹੱਥ ਧੋਤੇ ਬਗੈਰ ਆਪਣੇ ਚਿਹਰੇ ਨੂੰ ਛੂਹਣ ਤੋਂ ਬਚੋ; ਅਤੇ ਆਪਣੀ ਖੰਘ ਜਾਂ ਨਿੱਛ ਨੂੰ ਆਪਣੀ ਬਾਂਹ ਨਾਲ ਕਵਰ ਕਰੋ, ਆਪਣੇ ਹੱਥਾਂ ਨਾਲ ਨਹੀਂ।

ਹਾਲਾਂਕਿ ਹੇਠਾਂ ਦਿੱਤੇ ਗਏ ਚਰਣਾਂ ਦੀ ਪਾਲਣਾ ਕਰਨ ਤੋਂ ਬਾਅਦ ਤੁਸੀਂ ਆਪਣੀ ਕੰਮ ਦੀ ਥਾਂ ਨੂੰ ਮੁੜ ਖੋਲ੍ਹਣ ਲਈ ਯੋਗ ਹੋ ਸਕਦੇ ਹੋ, ਜਿੰਨਾਂ ਹੋ ਸਕੇ ਘਰੋਂ ਕੰਮ ਕਰਨਾ ਜਾਰੀ ਰੱਖਣਾ COVID-19 ਦੇ ਫੈਲਾਅ ਨੂੰ ਘਟਾਉਣ ਅਤੇ ਕਰਮਚਾਰੀਆਂ ਨੂੰ ਸੁਰੱਖਿਅਤ ਰੱਖਣ ਦਾ ਸਭ ਤੋਂ ਵਧੀਆ ਤਰੀਕਾ ਹੈ। ਅਸੀਂ ਰੱਲ ਕੇ NYC ਵਿੱਚ COVID-19 ਦੇ ਫੈਲਾਅ ਨੂੰ ਘਟਾ ਸਕਦੇ ਹਾਂ।

## ਕਨੂੰਨੀ ਤੌਰ 'ਤੇ ਆਪਣੇ ਕਾਰੋਬਾਰ ਨੂੰ ਖੋਲ੍ਹਣ ਲਈ ਮੈਨੂੰ ਕੀ ਕਰਨਾ ਚਾਹੀਦਾ ਹੈ?

### ਤੁਹਾਡੇ ਦੁਆਰਾ ਮੁੜ ਖੋਲ੍ਹਣ ਤੋਂ ਪਹਿਲਾਂ ਲੋੜੀਂਦੇ ਕਦਮ

- ਇੱਕ ਸੁਰੱਖਿਆ ਯੋਜਨਾ ਬਣਾਓ ਅਤੇ ਉਸਨੂੰ ਆਪਣੀ ਕੰਮ ਦੀ ਥਾਂ 'ਤੇ ਲਗਾਓ।
- ਨਿਊ ਯਾਰਕ ਸਟੇਟ (NYS) ਦੇ ਦਿਸ਼ਾਨਿਰਦੇਸ਼ ਪੜ੍ਹੋ ਅਤੇ ਪਾਲਣਾ ਦੀ ਪੁਸ਼ਟੀ ਕਰੋ। ਸਟੇਟ ਵੱਲੋਂ ਇਹ ਜ਼ਰੂਰੀ ਹੈ ਕਿ ਤੁਸੀਂ ਇਹ ਪੁਸ਼ਟੀ ਕਰੋ ਕਿ ਤੁਸੀਂ ਸਟੇਟ ਦੁਆਰਾ ਜਾਰੀ ਕੀਤੇ ਗਏ ਉਦਯੋਗ ਨਾਲ ਜੁੜੇ ਦਿਸ਼ਾਨਿਰਦੇਸ਼ਾਂ ਦੀ ਸਮੀਖਿਆ ਕੀਤੀ ਹੈ ਅਤੇ ਉਨ੍ਹਾਂਨੂੰ ਸਮਝਦੇ ਹੋ ਅਤੇ ਇਹ ਕਿ ਤੁਸੀਂ ਉਨ੍ਹਾਂਨੂੰ ਲਾਗੂ ਕਰੋਗੇ। ਤੁਸੀਂ forms.ny.gov/s3/ny-forward-affirmation 'ਤੇ ਪੁਸ਼ਟੀਕਰਣ ਫ਼ਾਰਮ ਭਰ ਸਕਦੇ ਹੋ।

**ਸਥਿਤੀ ਬਦਲਣ ਦੇ ਨਾਲ-ਨਾਲ NYC ਸਿਹਤ ਵਿਭਾਗ ਸਿਫ਼ਾਰਸ਼ਾਂ ਨੂੰ ਬਦਲ ਸਕਦਾ ਹੈ।** 8.17.20